**ਧੂਆਂ ਰਹਿਤ ਚੌਗਿਰਦੇ (ਕੰਟਰੋਲ ਅਤੇ ਲਾਗੂ ਕਰਨਾ)**
**ਬਾਰੇ ਤਰਮੀਮੀ ਕਾਨੂੰਨ 2011**
ਦੀਆਂ ਸ਼ਰਤਾਂ



ਰਿਟੇਲਰਾਂ ਲਈ ਜਾਣਕਾਰੀ

# ਤਮਾਕੂ ਉਤਪਾਦਾਂ ਦੇ ਵਿਖਾਲੇ ਤੇ ਪੂਰੀ ਪਾਬੰਦੀ

PUNJABI

## ਤਮਾਕੂ ਰਿਟੇਲਰਾਂ ਲਈ ਜਾਣਕਾਰੀ, ਜਿਸ ਵਿਚ ਸ਼ਾਮਿਲ ਹੈ:

- ਨਵਾਂ ਕਾਨੂੰਨ ਜੋ ਤਮਾਕੂ ਉਤਪਾਦਾਂ ਤੇ ਪਾਬੰਦੀ ਲਾਉਂਦਾ ਹੈ
- ਕਾਨੂੰਨ ਦੀ ਪਾਲਣਾ ਕਰਨੀ
- ਉਲੰਘਣਾਵਾਂ ਅਤੇ ਜੁਰਮਾਨਾ
- ਤੁਹਾਨੂੰ ਹੋਰ ਜਾਣਕਾਰੀ ਕਿਥੋਂ ਮਿਲ ਸਕਦੀ ਹੈ।

ਤਮਾਕੂ ਰਿਟੇਲਰਾਂ ਲਈ ਇਹ ਸਰਸਰੀ ਨਜ਼ਰ ਵਾਲੀ ਗਾਈਡ, 2011 ਦੇ ਨਵੇਂ ਧੂਆਂ ਮੁਕਤ ਚੋਗਿਰਦੇ (ਕੰਟਰੋਲ ਅਤੇ ਲਾਗੂ ਕਰਨਾ) ਬਾਰੇ ਤਰਮੀਮੀ ਕਾਨੂੰਨ ਤਹਿਤ ਤਮਾਕੂ ਉਤਪਾਦ ਦੇ ਵਿਖਾਲੇ ਦੀਆਂ ਸ਼ਰਤਾਂ ਅਤੇ ਨਿਯਮਾਂ ਦੀ ਵਿਆਖਿਆ ਕਰਦੀ ਹੈ।

## ਨਵਾਂ ਕਾਨੂੰਨ ਕੀ ਹੈ ਅਤੇ ਇਸਦਾ ਕੀ ਮਤਲਬ ਹੈ?

2011 ਦਾ ਧੂਆਂ ਮੁਕਤ ਚੌਗਿਰਦਾ (ਕੰਟਰੋਲ ਅਤੇ ਲਾਗੂ ਕਰਨਾ) ਤਰਮੀਮੀ ਕਾਨੂੰਨ **23 ਜੁਲਾਈ, 2012 ਤੋਂ ਤਮਾਕੂ ਉਤਪਾਦਾਂ ਦੇ ਵਿਖਾਲੇ ਤੇ ਪੂਰੀ ਪਾਬੰਦੀ ਲਾਉਂਦਾ ਹੈ।**

ਨਵੇਂ ਕਾਨੂੰਨ ਦਾ ਮਤਲਬ ਹੈ ਕਿ ਹਰ ਰੋਜ਼ ਦੀ ਰਿਟੇਲ ਸੈਟਿੰਗਸ ਵਿਚ – ਜਨਤਾ ਦੇ ਕਿਸੇ ਵੀ ਮੈਂਬਰ – ਵਿਸ਼ੇਸ਼ ਕਰਕੇ ਨੌਜਵਾਨਾਂ ਅਤੇ ਉਨ੍ਹਾਂ ਲੋਕਾਂ, ਜਿਨ੍ਹਾਂ ਨੇ ਹੁਣੇ ਹੁਣੇ ਸਿਗਰਟ ਪੀਣਾ ਛੱਡਿਆ ਹੋਵੇ, ਦੀ ਨਜ਼ਰ ਸਾਹਮਣੇ ਤਮਾਕੂ ਉਤਪਾਦਾਂ ਦਾ ਵਿਖਾਲਾ ਨਹੀਂ ਕੀਤਾ ਜਾਏਗਾ (ਜਿਨ੍ਹਾਂ ਵਿਚ, ਪੈਕੇਜ ਅਤੇ ਕਾਰਟਨ ਸ਼ਾਮਿਲ ਹਨ)। ਇਸ ਕਾਨੂੰਨ ਤਹਿਤ ਤਮਾਕੂ ਉਤਪਾਦਾਂ ਦੀ ਡਿਲੀਵਰੀ, ਮੁੜ ਮਾਲ ਭਰਨਾ ਅਤੇ ਵਿਕਰੀ ਕਰਨਾ ਸ਼ਾਮਿਲ ਹੈ।

**ਜੇ ਤੁਸੀਂ ਕਾਨੂੰਨ ਤੋੜੋਗੇ ਤਾਂ ਤੁਹਾਡੇ ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ।**



# ਕਾਨੂੰਨ ਦੀ ਪਾਲਣਾ ਕਰਨੀ

## ਮੈਨੂੰ ਕੀ ਕਰਨ ਦੀ ਜ਼ਰੂਰਤ ਹੈ?

ਤੁਹਾਨੂੰ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਹੈ, ਕਿ ਤਮਾਕੂ ਉਤਪਾਦ ਜਨਤਾ ਨੂੰ ਤੁਹਾਡੇ ਅਹਾਤੇ ਦੇ ਅੰਦਰੋਂ, ਜਾਂ ਅਹਾਤੇ ਦੇ ਬਾਹਰੋਂ ਕਿਧਰੇ ਵੀ ਨਜ਼ਰ ਨਹੀਂ ਆਉਣੇ ਚਾਹੀਦੇ। ਇਹ ਤੁਹਾਡੇ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਨਵੇਂ ਕਾਨੂੰਨ ਦੀ ਪਾਲਣਾ ਕਰਨ ਲਈ ਦੁਕਾਨ ਦੀਆਂ ਫਿਟਿੰਗਸ (ਸਾਜ਼ੋ-ਸਾਮਾਨ) ਅਤੇ ਰਿਟੇਲ ਦੀਆਂ ਪ੍ਰੈਕਟਿਸਾਂ (ਅਮਲ ਵਰਤਾਉ) ਕਿਸ ਤਰ੍ਹਾਂ ਬਦਲੋਗੇ:

- ਤੁਸੀਂ ਤਮਾਕੂ ਉਤਪਾਦ ਕਿੱਥੇ ਅਤੇ ਕਿਵੇਂ ਸਾਂਭੋਗੇ – ਤੁਸੀਂ ਤਮਾਕੂ ਉਤਪਾਦਾਂ ਨੂੰ ਕਾਉਂਟਰ ਹੇਠਾਂ – ਇਸੇ ਉੱਦੇਸ਼ ਲਈ ਸਟੋਰ ਕਰਨ ਲਈ ਨਵੇਂ ਲਗਾਏ ਗਏ ਕੈਬੀਨੈਟਾਂ ਜਾਂ ਮੌਜੂਦਾ ਕੈਬੀਨੈਟਾਂ ਵਿਚ ਕੁਝ ਤਬਦੀਲੀਆਂ ਕਰਕੇ ਰੱਖ ਸਕਦੇ ਹੋ
- ਡਿਲੀਵਰੀ, ਮੁੜ ਮਾਲ ਭਰਨ, ਜਾਂ ਵੇਚਣ ਦੌਰਾਨ ਤੁਸੀਂ ਤਮਾਕੂ ਉਤਪਾਦ ਨਾਲ ਕਿਵੇਂ ਨਿਪਟੋਗੇ।

ਇਕ ਵਾਰੀ ਜਦ ਗਾਹਕ ਨੇ ਤਮਾਕੂ ਉਤਪਾਦ ਖਰੀਦ ਕੇ ਲੈ ਲਿਆ ਹੋਵੇ, ਤੁਹਾਨੂੰ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਨਹੀਂ ਰਹੇਗੀ ਕਿ ਤਮਾਕੂ ਨਜ਼ਰ ਤੋਂ ਉਹਲੇ ਰੱਖਿਆ ਜਾਏ (ਉਦਾਹਰਨ ਲਈ, ਜੇ ਆਪਣੇ ਬੈਗ ਵਿਚ ਕਾਰ ਦੀਆਂ ਚਾਬੀਆਂ ਲੱਭਣ ਸਮੇਂ ਇਕ ਗਾਹਕ ਤੁਹਾਡੇ ਕਾਊਂਟਰ ਤੇ – ਹੋਰ ਗਾਹਕਾਂ ਦੇ ਸਾਹਮਣੇ ਖਰੀਦਿਆ ਹੋਇਆ ਉਤਪਾਦ ਰੱਖ ਜਾਏ)।

## ਕੀ ਮੈਂ ਇਹ ਇਸ਼ਤਿਹਾਰਬਾਜ਼ੀ ਕਰ ਸਕਦਾ/ਸਕਦੀ ਹਾਂ, ਕਿ ਮੈਂ ਤਮਾਕੂ ਵੇਚ ਰਿਹਾ/ਰਹੀ ਹਾਂ?

ਹਾਂ। ਆਪਣੇ ਅਹਾਤੇ ਦੇ ਅੰਦਰ ਤੁਸੀਂ ਇਕ ਇਸ਼ਤਿਹਾਰ ਇਹ ਵਿਖਾਉਣ ਲਈ ਲਾ ਸਕਦੇ ਹੋ, ਕਿ ਤੁਹਾਡੇ ਸਟੋਰ ਤੇ ਤਮਾਕੂ ਉਤਪਾਦ ਵਿਕਰੀ ਲਈ ਉਪਲਬਧ ਹਨ ਅਤੇ ਸਟੋਰ ਵਿਚ ਉਹ ਕਿੱਥੇ ਮਿਲਣਗੇ ਉਹ ਜਗਹ ਦੱਸ ਸਕਦੇ ਹੋ।

23 ਜੁਲਾਈ, 2012 ਤੋਂ ਤਮਾਕੂ ਸੰਬੰਧੀ ਕੋਈ ਹਵਾਲਾ ਜਾਂ ਸਿਗਰਟਨੋਸ਼ੀ ਨੂੰ ਤਮਾਕੂ ਉਤਪਾਦ ਦੀ ਇਸ਼ਤਿਹਾਰਬਾਜ਼ੀ ਦੀ ਸ਼ਰੇਣੀ ਵਿਚ ਰੱਖਿਆ ਜਾਏਗਾ ਅਤੇ ਉਸਦਾ ਵਿਖਾਲਾ ਨਹੀਂ ਕੀਤਾ ਜਾ ਸਕਦਾ। ਇਸ ਤਹਿਤ ਚਾਲੂ 'ਸਮੋਕਿੰਗ ਕਿਲਸ (ਸਿਗਰਟਨੋਸ਼ੀ ਮੌਤ ਹੈ)' ਅਤੇ '18 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਕੋਈ ਤਮਾਕੂ ਉਤਪਾਦ ਵੇਚੇ ਨਹੀਂ ਜਾਂਦੇ ਹਨ' ਵੀ ਸ਼ਾਮਿਲ ਹਨ। ਇਹ ਇਸ਼ਤਿਹਾਰ 23 ਜੁਲਾਈ, 2012 ਤੋਂ ਵਿਖਾਏ ਨਹੀਂ ਜਾ ਸਕਦੇ।

## ਕੀ ਮੈਂ ਤਮਾਕੂ ਉਤਪਾਦ ਦੇ ਵਪਾਰ ਜਾਂ ਰਿਟੇਲ ਨਾਵਾਂ ਦਾ ਵਿਖਾਲਾ ਕਰ ਸਕਦਾ/ਸਕਦੀ ਹਾਂ?

ਨਹੀਂ। 23 ਜੁਲਾਈ, 2012 ਤੋਂ ਤਮਾਕੂ ਉਤਪਾਦ ਦੇ ਵਪਾਰ ਜਾਂ ਟਰੇਡਮਾਰਕਾਂ, ਕੰਪਨੀਆਂ ਦੇ ਨਾਂ ਜਾਂ ਅਜਿਹੇ ਸ਼ਬਦ ਜਾਂ ਵਾਕ ਅਤੇ ਮੁਹਾਵਰੇ ਜੋ (ਜਿਵੇਂ ਕਿ ਤਮਾਕੂ ਦੇ ਸਲੋਗਨਾਂ ਜਾਂ ਬਰਾਂਡਾਂ ਵਿਚ ਇਸਤੇਮਾਲ ਕੀਤੇ ਜਾਂਦੇ ਹਨ) ਦੇ ਵਿਖਾਲੇ ਤੇ ਪਾਬੰਦੀ ਹੋਏਗੀ।

23 ਜੁਲਾਈ, 2012 ਤੋਂ ਕੋਈ ਅਜਿਹਾ ਰਿਟੇਲਰ ਜੋ ਇਸ ਕਿਸਮ ਦੇ ਨਾਵਾਂ ਦਾ ਵਿਖਾਲਾ ਕਰਨਾ ਜਾਰੀ ਰੱਖੇਗਾ, ਉਸ ਦੇ ਵਿਰੁੱਧ ਮੁਕੱਦਮਾ ਚਲਾਇਆ ਜਾ ਸਕਦਾ ਹੈ ਅਤੇ $10,000 ਤਕ ਦਾ ਜੁਰਮਾਨਾ ਲਗ ਸਕਦਾ ਹੈ।

## ਕੀ ਮੈਂ ਉਤਪਾਦ ਦੀ ਪਛਾਣ ਦੇ ਟੈਗ (ਲੇਬਲ) ਇਸਤੇਮਾਲ ਕਰ ਸਕਦਾ/ਸਕਦੀ ਹਾਂ?

ਹਾਂ। ਬੇਸ਼ੱਕ ਉਨ੍ਹਾਂ ਨੂੰ ਜਨਤਾ ਦੀ ਨਜ਼ਰ ਤੋਂ ਦੂਰ ਸਟੋਰ ਕਰਨਾ ਜ਼ਰੂਰੀ ਹੈ। ਤੁਹਾਨੂੰ ਫਿਰ ਵੀ ਤਮਾਕੂ ਉਤਪਾਦ ਦੀ ਜਲਦੀ ਪਛਾਣ ਕਰਨੀ ਅਤੇ ਉਸ ਨਾਲ ਜਲਦੀ ਨਿਪਟਣ ਦੀ ਜ਼ਰੂਰਤ ਹੈ। ਜਿੰਨੀ ਦੇਰ ਤਕ ਜਨਤਾ ਆਸਾਨੀ ਨਾਲ ਨਾ ਪੜ੍ਹ ਸਕੇ, ਤੁਸੀਂ ਅਜਿਹੇ ਟੈਗ ਵਰਤ ਸਕਦੇ ਹੋ, ਜਿਨ੍ਹਾਂ ਨਾਲ ਤੁਹਾਨੂੰ ਇਕ ਕੈਬੀਨੈਟ ਵਿਚ ਇਕ ਖਾਸ ਤਮਾਕੂ ਉਤਪਾਦ ਲਭਣ ਵਿਚ ਸਹਾਇਤਾ ਮਿਲੇ।

ਇਹ ਟੈਗ ਛੋਟੇ ਛੋਟੇ ਲੇਬਲ ਕੋਡ ਜਾਂ ਹੋਰ ਨਿਸ਼ਾਨ ਜੋ ਸਿਰਫ਼ ਸੇਲਜ਼ ਸਟਾਫ਼ ਵੇਖ ਅਤੇ/ਜਾਂ ਸਮਝ ਸਕੇਗਾ। ਟੈਗਾਂ ਨੂੰ ਤਮਾਕੂ ਉਤਪਾਦਾਂ ਨੂੰ ਜਨਤਾ ਸਾਹਮਣੇ ਵਿਖਾਲੇ ਲਈ ਜਾਂ ਇਸ਼ਤਿਹਾਰਬਾਜ਼ੀ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ।

## ਕੀ ਮੈਂ ਗਾਹਕ ਨੂੰ ਤਮਾਕੂ ਉਤਪਾਦ ਦੀ ਸੂਚੀ (ਲਿਸਟ) ਵਿਖਾ ਸਕਦਾ/ਸਕਦੀ ਹਾਂ?

ਬੇਨਤੀ ਤੇ, ਤੁਸੀਂ 18 ਸਾਲ ਤੋਂ ਵਧ ਉਮਰ ਦੇ ਗਾਹਕਾਂ ਨੂੰ ਸਿਰਫ ਉਹ ਲਿਸਟ ਵਿਖਾ ਸਕਦੇ ਹੋ, ਜਿਸ ਵਿਚ ਸਿਰਫ਼ ਉਨ੍ਹਾਂ ਤਮਾਕੂ ਉਤਪਾਦਾਂ ਦੇ ਨਾਂ ਹਨ, ਜੋ ਉਪਲਬਧ ਹਨ, ਅਤੇ ਜਿਨ੍ਹਾਂ ਦੀਆਂ ਕੀਮਤਾਂ ਦਿੱਤੀਆਂ ਗਈਆਂ ਹਨ। ਜਦੋਂ ਇਸਤੇਮਾਲ ਨਾ ਕੀਤੀ ਜਾਏ, ਇਹ ਲਿਸਟ ਨਜ਼ਰ ਤੋਂ ਦੂਰ - ਕਾਊਂਟਰ ਹੇਠਾਂ ਜਾਂ ਕਿਸੇ ਸਾਦੇ ਫੋਲਡਰ ਵਿਚ ਰੱਖੀ ਜਾਣੀ ਜ਼ਰੂਰੀ ਹੈ।

ਤਮਾਕੂ ਉਥਪਾਦ ਬਾਰੇ ਕਿਸੇ ਹੋਰ ਜਾਣਕਾਰੀ ਨੂੰ ਇਸ਼ਤਿਹਾਰਬਾਜ਼ੀ ਸ਼੍ਰੇਣੀ ਵਿਚ ਲਿਆਂਦਾ ਜਾ ਸਕਦਾ ਹੈ ਇਸ ਲਈ ਇਸ ਦਾ ਵਿਖਾਲਾ ਨਹੀਂ ਕੀਤਾ ਜਾ ਸਕਦਾ।

## ਤਮਾਕੂ ਦੀ ਡਿਲੀਵਰੀ, ਨਵਾਂ ਮਾਲ ਭਰਨ ਜਾਂ ਵਿਕਰੀ ਦੌਰਾਨ ਮੈਂ ਕਾਨੂੰਨ ਦੀ ਪਾਲਣਾ ਕਿਸ ਤਰ੍ਹਾਂ ਕਰ ਸਕਦਾ/ਸਕਦੀ ਹਾਂ?

ਕਾਨੂੰਨ ਵਿਚ ਕਈ ਅਜਿਹੀਆਂ ਛੋਟਾ ਹੁੰਦੀਆਂ ਹਨ, ਜੋ ਤੁਹਾਨੂੰ ਤਮਾਕੂ ਉਤਪਾਦਾਂ ਨੂੰ ਲੈਣ, ਜਾਂ ਨਵਾਂ ਮਾਲ ਭਰਨ ਅਤੇ ਉਨ੍ਹਾਂ ਦੀ ਵਿਕਰੀ ਕਰਨ ਦੀ ਖੁੱਲ੍ਹ ਦੇਂਦੀਆਂ ਹਨ। ਤਮਾਕੂ ਉਤਪਾਦਾਂ ਦਾ ਡਿਲੀਵਰ ਕਰਨ **ਦੌਰਾਨ ਬਹੁਤ ਥੋੜ੍ਹੇ ਸਮੇਂ** ਲਈ ਵਿਖਾਲਾ ਕੀਤਾ ਜਾ ਸਕਦਾ ਹੈ:

- ਰਿਟੇਲਰਾਂ, ਵੈਂਡਿੰਗ ਮਸ਼ੀਨਾਂ (ਸਿੱਕਾ ਪਾਕੇ ਚੀਜ਼ਾਂ ਵੇਚਣ ਵਾਲੀ ਮਸ਼ੀਨ) ਨੂੰ
- ਰਿਟੇਲਰ ਜਾਂ ਵੈਂਡਿੰਗ ਮਸ਼ੀਨ ਵਾਲਿਆਂ ਵਲੋਂ ਗਾਹਕਾਂ ਨੂੰ।

ਤਮਾਕੂ ਉਤਪਾਦਾਂ ਦੇ ਡਿਲੀਵਰੀ, ਮੁੜ ਮਾਲ ਭਰਨ ਜਾਂ ਵੇਚਣ ਦੌਰਾਨ ਇਨ੍ਹਾਂ ਦੇ ਬੇਲੋੜੇ ਵਿਖਾਲੇ ਤੋਂ ਬਚਣ ਵਿਚ ਤੁਹਾਡੀ ਸਹਾਇਤਾ ਲਈ ਕੁਝ ਸੁਝਾਅ ਹੇਠਾਂ ਦਿੱਤੇ ਜਾ ਰਹੇ ਹਨ। ਹੋਰ ਵੱਧ ਜਾਣਕਾਰੀ ਅਤੇ ਗਾਈਡਲਾਈਨਜ਼ (ਸੇਧਾਂ) ਲਈ ਸਿਹਤ ਮੰਤਰਾਲੇ ਦੀ ਵੈਬਸਾਈਟ (www.health.govt.nz/publication/guidelines-implementing-prohibition-display-tobacco-products) ਵੇਖੋ।

- ਨਵਾਂ ਮਾਲ (ਤਮਾਕੂ ਉਤਪਾਦ) ਭਰਨ ਬਾਰੇ ਉਸ ਵੇਲੇ ਸੋਚੋ, ਜਦੋਂ ਤੁਹਾਡਾ ਅਹਾਤਾ ਬੰਦ ਹੋਵੇ, ਜਾਂ ਜਦੋਂ ਸ਼ਾਂਤੀ ਹੋਵੇ। ਜੇ ਤੁਸੀਂ ਵਧ ਰੁਝੇਵੇਂ ਸਮੇਂ ਮੁੜ ਮਾਲ ਭਰਦੇ ਜਾਂ ਲੈਂਦੇ ਹੋ ਤਾਂ ਤੁਮਾਖੂ ਉਤਪਾਦਾਂ ਦਾ ਲੋਕਾਂ ਦੇ ਸਾਹਮਣੇ ਬਹੁਤਾ ਸਮੇਂ ਨਜ਼ਰ ਆਉਂਦੇ ਰਹਿਣ ਦਾ ਖ਼ਤਰਾ ਵਧ ਜਾਂਦਾ ਹੈ।
- ਜੇ ਤਮਾਕੂ ਦੇ ਕੈਬੀਨੈਟ (ਛੋਟੀ ਅਲਮਾਰੀ) ਆਮ ਜਨਤਾ ਨੂੰ ਨਜ਼ਰ ਆ ਸਕਦੇ ਹਨ ਤਾਂ ਉਨ੍ਹਾਂ ਨੂੰ ਸਿਰਫ਼ ਨਵਾਂ ਮਾਲ ਭਰਨ ਜਾਂ ਵਿਕਰੀ ਲਈ ਉਤਪਾਦਾਂ ਨੂੰ ਬਾਹਰ ਕੱਢਣ ਸਮੇਂ ਹੀ ਖੋਲੋ ਅਤੇ ਆਪਣਾ ਕੰਮ ਖ਼ਤਮ ਕਰਦਿਆਂ ਹੀ ਉਨ੍ਹਾਂ ਨੂੰ ਬੰਦ ਕਰ ਦਿਉ।
- ਗਾਹਕਾਂ ਨੂੰ ਨਿਪਟਾਉਣ ਜਾਂ ਹੋਰ ਕੰਮ ਕਰਨ ਲਈ, ਮੁੜ ਮਾਲ ਭਰਨ ਅਤੇ ਸੰਭਾਲਣ ਦੇ ਕੰਮ ਨੂੰ ਉਦੋਂ ਤੀਕ ਅਧ ਵਿਚਾਲੇ ਨਾ ਛੱਡੋ, ਜਦ ਤਕ ਤੁਸੀਂ ਗਾਹਕਾਂ ਦੀ ਨਜ਼ਰ ਤੋਂ ਤਮਾਕੂ ਉਤਪਾਦਾਂ ਨੂੰ ਉਹਲੇ ਨਾ ਕਰ ਲਉ।

**ਤਮਾਕੂ ਉਤਪਾਦਾਂ ਦਾ ਲੰਮੇ ਸਮੇਂ ਲਈ ਵਿਖਾਲਾ (ਜਿਵੇਂ ਕਿ ਜ਼ਰੂਰੀ ਲੋੜੀਂਦੇ ਸਮੇਂ ਤੋਂ ਵਧ) ਗੈਰ-ਕਾਨੂੰਨੀ ਹੋ ਸਕਦਾ ਹੈ – ਅਤੇ ਤੁਹਾਡੇ ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ।**

## ਜੇ ਮੈਂ ਇੰਟਰਨੈਟ ਤੇ ਤਮਾਕੂ ਵੇਚਾਂ ਤਾਂ ਕੀ ਹੋਏਗਾ?

ਡਿਸਪਲੇ ਬੈਨ (ਵਿਖਾਲੇ ਤੇ ਪਾਬੰਦੀ) ਤਹਿਤ ਇੰਟਰਨੈਟ ਤੇ ਤਮਾਕੂ ਉਤਪਾਦ ਵੇਚਣ ਤੇ ਮਨਾਹੀ ਹੈ। ਨਿਊਜ਼ੀਲੈਂਡ ਵਿਚ ਇੰਟਰਨੈਟ ਉਪਰ ਤਮਾਕੂ ਵੇਚਣ ਵਾਲਾ ਕੋਈ ਵੀ ਵਿਅਕਤੀ ਵੈਬਸਾਈਟ ਜਾਂ ਕਿਸੇ ਹੋਰ ਇਲੈਕਟਰੋਨਿਕ ਦਸਤਾਵੇਜ਼ ਜਾਂ ਮੀਡੀਆ ਤੇ ਤਮਾਕੂ ਉਤਪਾਦ ਜਾਂ ਤਮਾਕੂ ਉਤਪਾਦ ਨਾਲ ਸੰਬੰਧਤ ਕਿਸੇ ਵੀ ਹੋਰ ਜਾਣਕਾਰੀ ਦਾ ਵਿਖਾਲਾ ਨਹੀਂ ਕਰ ਸਕਦਾ।

## ਉਲੰਘਣਾਵਾਂ ਅਤੇ ਜੁਰਮਾਨੇ

ਤਮਾਕੂ ਉਤਪਾਦ ਦੇ ਵਿਖਾਲੇ ਤੇ ਪਾਬੰਦੀ ਦੀ ਉਲੰਘਣਾ ਕਰਨ ਤੇ ਵਧ ਤੋਂ ਵਧ ਜੁਰਮਾਨਾ **$10,000** ਹੈ।

## ਹੋਰ ਵਧ ਜਾਣਕਾਰੀ

ਇਹ ਕਿਤਾਬਚੀ ਸਿਰਫ਼ ਇਕ ਗਾਈਡ ਹੈ। ਹੋਰ ਵਧ ਜਾਣਕਾਰੀ ਲਈ:

- *ਤਮਾਕੂ ਉਤਪਾਦਾਂ ਦੇ ਵਿਖਾਲੇ ਤੇ ਪਾਬੰਦੀ ਨੂੰ ਲਾਗੂ ਕਰਨ ਲਈ ਤਮਾਕੂ ਉਤਪਾਦ ਵੇਚਣ ਵਾਲਿਆਂ ਅਤੇ ਧੂੰਏ ਰਹਿਤ ਚੌਗਿਰਦੇ ਬਾਰੇ ਨਿਯਮ ਲਾਗੂ ਕਰਨ ਵਾਲੇ ਅਧਿਕਾਰੀਆਂ ਸੰਬੰਧੀ ਜਾਣਕਾਰੀ ਲਈ ਸਿਹਤ ਮੰਤਰਾਲੇ ਦੀਆਂ ਗਾਈਡਲਾਈਨਸ ਦੇਖੋ,* ਜੋ ਇਸ ਮੰਤਰਾਲੇ ਦੀ ਵੈਬਸਾਈਟ (www.health.govt.nz/publication/guidelines-implementing-prohibition-display-tobacco-products) ਤੇ ਉਪਲਬਧ ਹਨ
- ਆਪਣੇ ਡਿਸਟ੍ਰਿਕਟ ਹੈਲਥ ਬੋਰਡ ਤੇ ਪਬਲਿਕ ਹੈਲਥ ਸਰਵਿਸ ਨਾਲ ਸੰਪਰਕ ਕਰੋ।

ਪਬਲਿਕ ਹੈਲਥ ਸਰਵਿਸ (ਜਨ ਸਿਹਤ ਸੇਵਾ) ਨਾਲ ਸੰਪਰਕ ਲਈ ਵੇਰਵੇ:

smokefree auahi kore

New Zealand Government

ਇਹ ਸਰੋਤ www.healthed.govt.nz ਜਾਂ ਤੁਹਾਡੇ ਸਥਾਨਕ DHB ਤੇ ਅਧੀਕ੍ਰਿਤ ਪ੍ਰੋਵਾਈਡਰ ਤੇ ਉਪਲਬਧ ਹੈ।

MINISTRY OF HEALTH
MANATŪ HAUORA

Published July 2012. Punjabi. code **HE2390**